ਸਭ ਹਕ ਰਾਖਵੇਂ ਹੈਨ ਕ੍ਰਤਾ ਦੀ ਆਗਿਆ ਬਿਨਾ ਕੋਈ ਨਾ ਛਾਪੇ।

ੴ ਸਤਿਗੁਰਪ੍ਰਸਾਦਿ

ਜੇ ਤੈਂ ਪ੍ਰੇਮ ਖੇਲਣ ਦਾ ਚਾਉ। ਸਿਰ ਧਰ ਤਲੀ ਗਲੀ ਮੇਰੀ ਆਉ ॥
ਇਸ ਮਾਰਗ ਪੈਰ ਪੈਰ ਧਰੀਜੈ। ਸਿਰ ਦੀਜੈ ਕਾਣ ਨਾਂ ਕੀਜੈ ॥

# ਸੋਹਣੀ ਮਹੀਂਵਾਲ

G-207

ਕ੍ਰਿਤ ਕਵੀ

ਹਰਨਾਮਸਿੰਘ ਬਗਲੀ ਜਿਲਾ ਲੁਧਹਾਣੇ ਵਾਲਾ

ਜਿਸ ਵਿਚ

ਪਰਮਾਤਮਾ ਦੇ ਸਚੇ ਇਸ਼ਕ ਵਿਚ ਰੰਗੇ ਹੋਏ ਤੇ ਗਿਆਨ ਪੈਦਾ ਕਰਨ ਵਾਲੇ ਵਜਨਦਾਰ ਬੈਂਤ ਹਰ ਪਰਾਣੀ ਦੇ ਪੜਨੇ ਯੋਗ ਹੈਨ

ਜਿਸਨੂੰ

ਭਾਈ ਕਰਮਸਿੰਘ ਜੀ ਮਿਸਤ੍ਰੀ ਬਿਜਲੀ ਵਾਲੇ ਪਿੰਡ ਮੌਲਿਆ ਵਾਲਾ ਜਿਲਾ ਗੁਰਦਾਸ ਪੁਰ ਨੇ ਪੈਹਲੇ ਅਡੀਸ਼ਨ ਦਾ ਹਕ ਹਰਨਾਮਸਿੰਘ ਤੋਂ ਲੈਕੇ ਛਪਾਯਾ।

ਮਰਕਨ ਟਾਇਲ ਪ੍ਰੇਸ ਰੇਲਵੇ ਰੋਡ ਲਾਹੌਰ ਮੇਂ ਬਾਬੂ ਗੋਪਾਲ ਦਾਸ ਮੈਨੇਜਰ ਦੇ ਅਧਿਕਾਰ ਸੇ ਛਪੀ।

ਬਾਕੀ ਰਹੀਕੀ ਸਿਫਤ ਹਰਨਾਮ ਸਿੰਘਾ ਦੇਸਾ ਸਾਰਜਾਂ ਦਾ ਤਾਜਦਾਰ ਜਾਣੇ

ਰੱਬ ਦੇ ਇਸ਼ਕ ਵਿਚ ਫਟੜ ਹੋਕੇ ਸੋਹਣੀ ਦਾ ਕਿੱਸਾ ਲਿਖਣਾ

ਬਹੁਤਦੇਰ ਫਿਰਕੇ ਹੀਰ ਹਰਨ ਵਾਗੂੰ ਆਖਰ ਖਾਲਿਆ ਬਿਰਹਾ ਤੀਰ ਹਮਨੇ
ਹਿਸਾ ਬਹੁਤ ਗੁਜਾਰ ਕੇ ਜਿੰਦਗੀਦਾ ਪੀਤਾ ਹੁਣ ਸਚਾ ਇਸਕ ਨੀਰ ਹਮਨੇ
ਬਿਰ੍ਹੋਂ ਰੱਬਦਾ ਰਚਗਿਆ ਜਿਸਮਅੰਦ੍ਰ ਗਿਆਨਨਾਲੇ ਦੇਤਾਰਿਦਾਚੀਰ ਹਮਨੇ
ਸਚੇਇਸਕਦੀਹੀ ਬਾਤਾਂਸੁਜਦੀਆਂਨੇ ਜਖਮੀਇਸਕ ਸੇਕੀਆ ਸਰੀਰ ਹਮਨੇ
ਕਰੀ ਬਹੁਤ ਕੋਸ਼ਸ਼ ਰਾਝੇ ਬਾਗ ਫਿਰਕੇ ਪਾਈ ਨਹੀ ਹਾਲੇ ਸਚੀ ਹੀਰ ਹਮਨੇ
ਐਪਰਇਸ਼ਕਪੈਦਾਹੋਗਿਆ ਸਾਇਰਾਂਨੂੰਸਚਾਸਮਝਲਿਆਰੱਬਪ੍ਰਰੰਭੀਰ ਹਮਨੇ
ਨਾਮ ਬਾਨ ਖਾਕੇ ਸਚੇ ਇਸ਼ਕ ਅੰਦ੍ਰ ਕਿੱਸਾ ਲਿਖਆ ਹਈ ਅਖੀਰ ਹਮਨੇ
ਸੋਹਣੀ ਰੂਹ ਨੂੰ ਕਿਹੈ ਹਰਨਾਮਸਿੰਘਨੇ ਮੇਹੀਵਾਲਨੂੰ ਗੁਣੀ ਗਹੀਰ ਹਮਨੇ

ਅਲੰਕਾਰ ਤੇ ਇਸ਼ਕ ਦਾ ਬਯਾਨ

ਮੇਹੀਵਾਲ ਮੈ ਸ਼ਮਝਿਆ ਰੂਹਨੂੰਹੈ ਸੋਹਣੀ ਸਮਝ ਮੈਰੱਬ ਭਗਵਾਨ ਲਿਆ
ਕਦੇ ਰੂਹ ਰੂਪੀ ਸੋਹਣੀ ਨਾਰ ਨੂੰ ਮੈ ਮਹੀਵਾਲ ਨੂੰ ਰੱਬ ਮੈ ਮਾਨ ਲਿਆ
ਕਦੇ ਰੂਹ ਦਿਲਨੂੰ ਮਹੀਵਾਲ ਲਿਖਕੇ ਸੋਹਣੀ ਰੱਬਦਾ ਨਾਮ ਪਛਾਨ ਲਿਆ
ਇਸ਼ਕ ਰੱਬ ਅੰਦ੍ਰ ਲਿਖਐ ਕੁਲ ਕਿਸਾ ਸਚੇ ਇਸਦਾ ਅਸਾਖਾਬਾਨ ਲਿਆ
ਪੈਹਲਾਂ ਢੂੰਡਜਾ ਜੰਗਲਾਂਰਹੀਆਂ ਮੈ ਪਿਛੇ ਸਾਧੂਆ ਤੇ ਫੇਰ ਗਿਆਨ ਲਿਆ
ਉਨਾ ਆਖਜਾ ਢੂੰਲਲੇ ਰਿਦੇ ਵਿਚੋ ਰਸਤਾ ਦਸ ਏਹ ਉਨਾ ਅਸਾਨ ਲਿਆ
ਐਪੂ ਰਿਦਾ ਲੱਬਾਂ ਚੋੜਾ ਬਹੁਤਹੀਹੈਜਾਲਭ੍ਰਹਮ ਦੀਮਾਇਆਨੇਤਾਨ ਲਿਆ
ਬੜਾ ਢੂੰਡਨਾ ਐਸ ਚੋ ਰੱਬ ਐਖਾ ਗੋਰਖ ਧੰਦਾਈ ਨੂੰ ਅਸਾ ਜਾਨ ਲਿਆ
ਐਪੂਇਸ਼ਕ ਪੈਦਾਹੋਇਆਸਾਇਰਾਂਨੂੰ ਲਿਖਸੋਹਣੀਦਾ ਹੀ ਦਾਸਤਾਨ ਲਿਆ
ਪੜ ਕੇ ਏਸਨੂ ਲੈ ਜਾਵੇ ਤਰਫ ਦੂਜੀ ਖੁਲਾ ਤੁਸਾਂਨੂੰ ਕੁਲ ਮੈਦਾਨ ਪਿਆ
ਪ੍ਰੇਮ ਕਰੋ ਸਚਾ ਮਹੀਵਾਲ ਵਾਲਾ ਲਿਖ ਅਸਾ ਨੇ ਕੁਲ ਜੋ ਬਿਆਨ ਲਿਆ
ਸਹਣੀ ਰੱਬਨੂ ਢੂੰਡ ਕੇ ਕਰੋ ਮੋਜਾ ਥੋਨੂੰ ਆਖ ਸੈਰਾ ਮੇਹਰਬਾਨ ਲਿਆ
ਕਿੱਸਾ ਸਮਝਣਾਨਾ ਝਠੇ ਆਸ਼ਕਾਦਾ ਏਹਤਾ ਅਸਾਂਨੇ ਰੱਖ ਨਿਛਾਨ ਲਿਆ
ਸੱਚ ਰੱਬ ਦੇ ਨਾਮ ਹਰਨਾਮਸਿੰਘਾ ਝੂਠਾ ਅਸਾ ਨੇ ਜਾਣ ਜਹਾਨ ਲਿਆ

ਦੇਸ ਪੰਜਾਬ

ਜਮਨਾ ਨਦੀ ਤੋਂ ਲੈ ਸਿੰਧ ਅਟਕ ਤੋੜੀ ਏਹ ਦੇਸ ਪੰਜਾਬ ਸਦਾਮਦਾ ਹੈ
ਵਗਦੇ ਪੰਜ ਦਰਿਆ ਨੇ ਏਸ ਅੰਦ੍ਰ ਪੰਜਆਬ ਭੀ ਤਦੀ ਕਹਾਮਦਾ ਹੈ
ਨਾਲੇ ਖਾਲੇ ਪਹਾੜ ਨਾ ਮੈਕਰਾ ਹੈ ਨਜਰ ਸਾਫ ਸੁਥਰਾ ਦੇਸ ਆਮਦਾ ਹੈ
ਊਚਾਨੀਮਾਨਾ ਦੇਸਹਰਨਾਮਸਿੰਘਾ ਅਵਲ-ਲਿਸਟ ਮੈਨਾਮ ਲਿਖਾਮਦਾ ਹੈ

ਸਿਫਤ ਪੰਜਾਬ

ਕੋਈ ਮੁਲਕ ਨਾ ਦੇਸ ਪੰਜਾਬ ਬਰਗਾ ਸਾਰੇ ਦੇਸਾਂ ਦਾ ਏਹ ਸਰਦਾਰ ਜਾਣੋ
ਸੂਬੇ ਕੁਲ ਦੇਖੇ ਫਿਰਕੇ ਮੁਲਕ ਅੰਦਰ ਸੀ: ਪੀ: ਮਦਰਾਸ ਬਿਹਾਰ ਜਾਣੋ
ਯੂ: ਪੀ: ਬੰਗਾਲ ਭੀ ਕੁਲ ਦੇਖੀ ਫਰੰਟੀਅਰ ਸੂਬਾ ਅਟਕੋ ਪਾਰ ਜਾਣੋ
ਬਾਕੀ ਚੀਨ ਜਾਪਾਨ ਸਮਾਟਰਾ ਹੈ ਬਰਮਾ ਸ਼ਾਮ ਸੂਬਾ ਆਬਦਾਰ ਜਾਣੋ
ਅਰਬ ਮਿਸਰ ਟਰਕੀ ਲੋਕਦੇਖਆਏ ਤਪਦੇ ਹੋਤਓਧਰ ਅਗਨਦਾਰ ਜਾਣੋ
ਹਿੱਸੇ ਸਭੀ ਅਫਰੀਕਾ ਦੇ ਕੈਹਣ ਮਾੜੇ ਵੈਹਸੀ ਲੋਕਾਂ ਦੇ ਵਸਨੇਹਾਰ ਜਾਣੋ
ਹੈ ਅਫਗਾਨ ਪਹਾੜ ਤੇ ਮੈਕਰਾ ਹੀ ਤਿਬਤ ਰੂਮ ਤੇ ਕੈਕਲਾਦੂਆਰ ਜਾਣੋ
ਇਕੋ ਰਹੇ ਮੌਸਮ ਮੁਲਕਾਂ ਲੈਹਦਜਾਂ ਮੈਂ ਯੂਰਪਮੁਲਕਦਸਦੇਨਮੀਦਾਰ ਜਾਣੋ
ਕਿਤੇ ਬਹੁਤ ਗਰਮੀ ਕਿਤੇ ਬਹੁਤ ਸਰਦੀ ਛੈਆਂ ਰੁਤਾਂ ਦੀ ਨਹੀਂ ਬਹਾਰ ਜਾਣੋ
ਰੁਤਾਂ ਛੇ ਨੇ ਮੁਲਕ ਪੰਜਾਬ ਅੰਦ੍ਰ ਹੋਰ ਕਿਤੇ ਨਾ ਵਿਚ ਸੰਸਾਰ ਜਾਣੋ
ਹਰਾ ਭਰਾ ਸਰਸਬਜ ਪੰਜਾਬ ਸਾਰਾ ਬਾਗ਼ ਬੂਟਯਾ ਨਾਲ ਗੁਲਜਾਰ ਜਾਣੋ
ਸੋਹਣਾਮੈਲ ਸਥੋਲਾ ਹੈ ਮੁਲਕਸਾਰ ਬੈਹਣ ਪੰਜ ਦ੍ਰਯਾਇ ਬਿਚਧਾਰ ਜਾਣੋ
ਧਰਤੀ ਬਹੁਤ ਚੰਗੀ ਏਸ ਦੇਸ ਦੀ ਹੈ ਤੇ ਜਮੀਨ ਭਾਰੀ ਪੈਦਾਵਰ ਜਾਣੋ
ਸੂਰ ਬੀਰ ਜੋਧੇ ਪੈਦਾ ਹੋਣਾ ਏਥੇ ਸੋਹਣੇ ਜੁਆਨ ਪੂਰੇ ਕਦੇਦਾਹ ਜਾਣੋ
ਰੈਹਣ ਬੈਹਣ ਪੈਨਣ ਖਾਣ ਬਹੁਤ ਚੰਗਾ ਅਛੇ ਖੂਬਸੂਰਤ ਨਰਨਾਰ ਜਾਣੋ
ਬਹੁਤੀਹੈ ਅਬਾਦੀ ਅਕਸਰ ਖਾਲਸੇਦੀ ਲਾਂ ਪਿਛੌਰ ਤੇ ਹਾਂਸੀ ਹਿਸਾਰ ਜਾਣੋ
ਜਟਾਂ ਸਿਖਾਂ ਦੇ ਪਿੰਡਾ ਦੇ ਪਿੰਡ ਬਸਦੇ ਹੋਰ ਲੋਕ ਅਕਸਰ ਜਿਮੀਦਾਰ ਜਾਣੋ
ਨੌ ਨਿਧਾਂ ਠਾਰਾਂ ਸਿਧਾਂ ਦੇਸ ਅੰਦ੍ਰ ਕੋਈ ਖਾਸ ਹੀ ਮੇਹਰ ਕਰਤਾਰ ਜਾਣੋ
ਏਥੇ ਪੀਰ ਫਕੀਰ ਭੀ ਬਹੁਤ ਹੋਏ ਦਸੋ ਰੱਬ ਦਾ ਰੂਪ ਅਵਤਾਰ ਜਾਣੋ
ਬਾਕੀ ਸ਼ੈਹਰ ਪੰਜਾਬ ਦੇ ਭਿਸਤ ਵਰਗੇ ਭਰੇ ਰੌਣਕਾਂ ਨਾਲ ਬਜਾਰ ਜਾਣੋ
ਹੈ ਲਾਹੌਰ ਪੰਜਾਬ ਦੀ ਰਾਜਧਾਨੀ ਜਿਥੇ ਲਗਦੇ ਰਾਜ ਦਰਬਾਰ ਜਾਣੋ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥

# ਉਸਤਤੀ ਅਕਾਲ ਪੁਰਖ

## ਬਿਜੈਦੋਰ ਛੰਦ ਅਰਥਾਤ ਬੈਂਤ

ਸਕਲ ਸ੍ਰਿਸ਼ਟਿ ਦਿਆ ਮਾਲਕਾ ਮੂਲ ਖਸਾਈ ਆਂ ਸਾਡੀ ਬੰਦਨ ਹੋਵੇ ਪ੍ਰਵਾਨ ਦੂਲੋ
ਤੂੰ ਹੈ ਏਕ ਅਨੇਕ ਹੈ ਰੂਪ ਤੇਰਾ ਤੇਰਾ ਨੂਰ ਹੈ ਕੁਲ......... ਜਹਾਨ ਦੂਲੋ
ਜਲਾਂ ਥਲ ਅਕਾਸ ਤੇ ਪ੍ਰਿਥਤਾ ਮੇਂ ਸਾਰੇ ਬਿਆਪ ਤੂੰ ਰਿਹੇ ਭਗਵਾਨ ਦੂਲੋ
ਖੇਲ ਖੇਲਣੇ ਲੀਏ ਬਰਹਮੰਡ ਅੰਦ੍ਰ ਰਚੇ ਆਪ ਤੈਂ ਜਿਮੀ ਅਸਮਾਨ ਦੂਲੋ
ਜਾਣ ਸਕੇ ਨਾ ਆਪਦੀ ਕੋਈ ਲੀਲਾ ਦਿਤੇ ਮਾਇਆ ਦੇ ਜਾਲ ਤੈਂ ਤਾਨ ਦੂਲੋ
ਕੁਦਰਤ ਦਿੱਤੀ ਖਲਾਰ ਸੰਸਾਰ ਅੰਦਰ ਜਾਨ ਸਕੇ ਨਾ ਭੇਦ ਇਨਸਾਨ ਦੂਲੋ
ਗੀਆਂ ਤੂਹੀ ਜਾਣੇ ਸਚੇ ਪਾਤਸ਼ਾਹਾ ਅਸਾਂ ਜੀਵ ਹਾਂ ਲੋਕ ਅਣਜਾਨ ਦੂਲੋ
ਰਿਖੀ ਮੁਨੀ ਤੇ ਪੀਰ ਫਕੀਰ ਸਾਰੇ ਤੇਰੇ ਨਾਮ ਦਾ ਕਰਨ... ਗਿਆਨ ਦੂਲੋ
ਰਾਉ ਰੰਕ ਤੇ ਦੇਵਤੇ ਬ੍ਰਹਮਚਾਰੀ ਲੈਣ ਆਪਦਾ ਸਦਾ ਧਿਆਨ ਦੂਲੋ
ਤੇਰੀ ਜੋਤ ਅਵਿਤਾਰ ਜੋ ਰੂਪ ਤੇਰਾ ਓ ਭੀ ਤੇਰਾ ਹੀ ਨਾਮ ਜਪਾਨ ਦੂਲੋ
ਤੂਹੀ ਤੂਹੀ ਹੈ ਈਸ ਤੇ ਜੀਵ ਤੂਹੀ ਭੁਲ ਲੋਕ ਭੁਲੇਖੜਾ ਖਾਨ ਦੂਲੋ
ਸੁਣ ਲੈ ਮੇਰੀ ਭੀ ਕਿਤੇ ਹਰਨਾਮ ਸਿੰਘਾ ਝਿਫਕ ਕੂਕਦਾ ਖੜਾ ਦ੍ਵਾਨ ਦੂਲੋ

### ਸਤਿਗੁਰਾਂ ਨੂੰ ਬੰਦਨਾ

ਪੈਹਲੇ ਗੁਰਾਂ ਤੇ ਲਾਇ ਦਸਮੇਸ਼ ਤੋੜੀ ਕਲੂਕਾਲ ਦੇ ਰੱਬ ਅਵਿਤਾਰ ਜੇਹੜੇ
ਨਿਮਸਕਾਰ ਸਾਡੀ ਸਚੇ ਸਤਿਗੁਰਾਂ ਨੂੰ ਪਾਪੀ ਬੰਦਿਆਂ ਨੂੰ ਗਏ ਤਾਰ ਜੇਹੜੇ
ਗੁਰੂ ਗ੍ਰੰਥ ਨੂੰ ਅਸਾਂ ਦੀ ਬੰਦਨਾ ਹੈ ਬਖਸ਼ਨ ਗੁਰੂ ਘਰ ਤੇ ਫਲ ਚਾਰ ਜੇਹੜੇ
ਪੰਥ ਤਾਈ ਪਰਣਾਮ ਹਰਨਾਮ ਸਿੰਘ ਦੀ ਰੂਪ ਰੱਬ ਹੋ ਗਏ ਨਾਮਧਾਰ ਜੇਹੜੇ

### ਸਿਫਤ ਕਿਉਂ

ਹੁਥਲ ਬਤਨ ਪੰਜਾਬ ਮੁਸੰਨਫਾਂ ਦਾ ਦੂਜਾ ਕਿੰਸੇ ਦਾ ਜਨਮ ਅਸਥਾਨ ਏਹੀ
ਏਸੇ ਦੇਸ ਸਤਿਗੁਰਾਂ ਅਵਿਤਾਰ ਧਾਰੇ ਆਫਕ ਸਦਿਆਂਦਾ ਹੈ ਮਕਾਨ ਏਹੀ
ਏਸੇ ਲੀਏ ਮੈਂ ਏਸ ਦੀ ਸਿਫਤ ਲਿਖਦਾ ਲੈ ਕੇ ਸਿਫਤ ਦੇ ਏਸ ਬਲਵਾਨ ਏਹੀ
ਪੜੋ ਸਿਫਤ ਪੰਜਾਬ ਹਰਨਾਮ ਸਿੰਘਾ ਪੈਹਲਾਂ ਛੇੜਿਆ ਹੈ ਦਾਸਤਾਨ ਏਹੀ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.